ਜੁਲਾਈ 2021

# ਅੱਗ ਲੱਗਣ ਤੋਂ ਰੋਕਥਾਮ: ਜਲਨਸ਼ੀਲ ਰੀਸਾਈਕਲ ਅਤੇ ਕੂੜਾ-ਕਰਕਟ ਸਮੱਗਰੀ

ਪ੍ਰਕਾਸ਼ਨ 1759.1

ਤੱਥ ਸ਼ੀਟ

## ਇਸ ਦਿਸ਼ਾ-ਨਿਰਦੇਸ਼ ਬਾਰੇ

*ਜਲਣਸ਼ੀਲ ਰੀਸਾਈਕਲ ਕਰਨ ਯੋਗ ਅਤੇ ਕੂੜਾ-ਕਰਕਟ ਸਮੱਗਰੀ ਦਾ ਪ੍ਰਬੰਧਨ ਅਤੇ ਸਟੋਰੇਜ - ਦਿਸ਼ਾ-ਨਿਰਦੇਸ਼* (EPA ਪ੍ਰਕਾਸ਼ਨ 1667.3) (https://www.epa.vic.gov.au/about-epa/publications/1667-3) ਇਹ ਸਮਝਣ ਵਿੱਚ ਤੁਹਾਡੀ ਮੱਦਦ ਕਰਦਾ ਹੈ ਕਿ ਤੁਹਾਡੀ ਕੂੜਾ-ਕਰਕਟ ਅਤੇ ਸਰੋਤ ਰਿਕਵਰੀ ਸਹੂਲਤ ਵਿੱਚ ਅੱਗ ਦੇ ਖ਼ਤਰਿਆਂ ਅਤੇ ਜ਼ੋਖਮਾਂ ਦੀ ਪਛਾਣ ਅਤੇ ਪ੍ਰਬੰਧਨ ਕਿਵੇਂ ਕਰਨਾ ਹੈ।

ਇਸਨੂੰ ਵਿਕਟੋਰੀਆ ਦੀ ਵਾਤਾਵਰਣ ਸੁਰੱਖਿਆ ਅਥਾਰਟੀ (Environment Protection Authority Victoria, EPA) ਦੁਆਰਾ ਫਾਇਰ ਰੈਸਕਿਊ ਵਿਕਟੋਰੀਆ (Fire Rescue Victoria, FRV) ਅਤੇ ਕੰਟਰੀ ਫਾਇਰ ਅਥਾਰਟੀ (Country Fire Authority, CFA) ਦੁਆਰਾ ਵਿਕਸਿਤ ਕੀਤਾ ਗਿਆ ਸੀ। ਸਰਕਾਰ ਅਤੇ ਕੂੜਾ-ਕਰਕਟ ਉਦਯੋਗ ਦੇ ਨੁਮਾਇੰਦਿਆਂ ਨਾਲ ਸਲਾਹ-ਮਸ਼ਵਰਾ ਕੀਤਾ ਗਿਆ ਸੀ। ਇਹ ਦਿਸ਼ਾ-ਨਿਰਦੇਸ਼ ਤੁਹਾਨੂੰ ਵਿਕਟੋਰੀਆ ਦੇ ਨਵੇਂ ਵਾਤਾਵਰਣ ਸੁਰੱਖਿਆ ਕਾਨੂੰਨਾਂ ਦੀ ਪਾਲਣਾ ਕਰਨ ਵਿੱਚ ਮੱਦਦ ਕਰਦਾ ਹੈ।

## ਅੱਗ ਲੱਗਣ ਤੋਂ ਰੋਕਥਾਮ ਕਿਉਂ ਮਹੱਤਵਪੂਰਨ ਹੈ

ਅੱਗ ਦੇ ਪ੍ਰਭਾਵ ਕਾਫ਼ੀ ਜ਼ਿਆਦਾ ਹੋ ਸਕਦੇ ਹਨ। ਵਧੀਆ ਅੱਗ ਪ੍ਰਬੰਧ ਤੁਹਾਡੇ ਸਥਾਨਕ ਵਾਤਾਵਰਣ, ਤੁਹਾਡੇ ਕਰਮਚਾਰੀਆਂ, ਸਥਾਨਕ ਬੁਨਿਆਦੀ ਢਾਂਚੇ ਅਤੇ ਸਥਾਨਕ ਭਾਈਚਾਰੇ ਦੀ ਸੁਰੱਖਿਆ ਕਰਦੇ ਹਨ। ਇਹ ਤੁਹਾਡੇ ਪੈਸੇ ਦੀ ਬੱਚਤ ਵੀ ਕਰ ਸਕਦੇ ਹਨ ਅਤੇ ਤੁਹਾਡੇ ਕਾਰੋਬਾਰ ਦੀ ਸਾਖ਼ ਦਾ ਸਮਰਥਨ ਵੀ ਕਰ ਸਕਦੇ ਹਨ।

EPA ਦੇ ਅਧਿਕਾਰਤ ਅਧਿਕਾਰੀ ਅੱਗ ਲੱਗਣ ਤੋਂ ਰੋਕਥਾਮ 'ਤੇ ਧਿਆਨ ਕੇਂਦ੍ਰਿਤ ਕਰਦੇ ਹੋਏ, ਕੂੜਾ-ਕਰਕਟ ਅਤੇ ਸਰੋਤ ਰਿਕਵਰੀ ਸਹੂਲਤਾਂ ਦਾ ਮੁਆਇਨਾ ਕਰ ਰਹੇ ਹਨ। ਤੁਹਾਨੂੰ ਅੱਗ ਲੱਗਣ ਦੇ ਖ਼ਤਰੇ ਨਾਲ ਨਜਿੱਠਣ ਲਈ ਕਾਰਵਾਈ ਕਰਨ ਲਈ ਕਿਹਾ ਜਾ ਸਕਦਾ ਹੈ। ਜੇਕਰ ਤੁਸੀਂ ਵਿਕਟੋਰੀਆ ਦੇ ਵਾਤਾਵਰਣ ਸੁਰੱਖਿਆ ਕਾਨੂੰਨਾਂ ਦੀ ਪਾਲਣਾ ਨਹੀਂ ਕਰਦੇ ਹੋ ਤਾਂ ਤੁਹਾਨੂੰ ਸਜ਼ਾ ਹੋ ਸਕਦੀ ਹੈ।

## ਵਿਕਟੋਰੀਆ ਦੇ ਵਾਤਾਵਰਣ ਸੁਰੱਖਿਆ ਕਾਨੂੰਨ ਕਿਸ 'ਤੇ ਲਾਗੂ ਹੁੰਦੇ ਹਨ

ਸਾਰੇ ਵਿਕਟੋਰੀਆ ਵਾਸੀਆਂ ਨੂੰ ਵਾਤਾਵਰਨ ਪ੍ਰਤੀ ਆਪਣੇ ਜ਼ੋਖਮਾਂ ਨੂੰ ਸਮਝਣ ਅਤੇ ਉਨ੍ਹਾਂ ਪ੍ਰਤੀ ਪ੍ਰਬੰਧ ਕਰਨ ਦੀ ਲੋੜ ਹੁੰਦੀ ਹੈ।

## ਤੁਹਾਨੂੰ ਕੀ ਕਰਨ ਦੀ ਲੋੜ ਹੈ

**ਵਿਕਟੋਰੀਆ ਦੇ ਵਾਤਾਵਰਣ ਸੁਰੱਖਿਆ ਕਾਨੂੰਨਾਂ ਦੀ ਪਾਲਣਾ ਕਿਵੇਂ ਕਰਨੀ ਹੈ ਇਹ ਜਾਣਨ ਲਈ ਇਸ ਦਿਸ਼ਾ-ਨਿਰਦੇਸ਼ ਦੀ ਵਰਤੋਂ ਕਰੋ।**
ਵਿਕਟੋਰੀਆ ਦੇ ਵਾਤਾਵਰਣ ਸੁਰੱਖਿਆ ਕਾਨੂੰਨਾਂ ਵਿੱਚ ਕੂੜਾ-ਕਰਕਟ ਅਤੇ ਸਰੋਤ ਰਿਕਵਰੀ ਸਹੂਲਤ ਡਿਊਟੀ ਧਾਰਕਾਂ ਨੂੰ ਇਹ ਕਰਨ ਦੀ ਲੋੜ ਹੁੰਦੀ ਹੈ:

- ਉਹਨਾਂ ਦੀਆਂ ਗਤੀਵਿਧੀਆਂ ਨਾਲ ਜੁੜੇ ਅੱਗ ਦੇ ਖ਼ਤਰਿਆਂ ਨੂੰ ਸਮਝਣ ਦੀ
- ਜਿੱਥੋਂ ਤੱਕ ਵਾਜਬ ਤੌਰ 'ਤੇ ਵਿਵਹਾਰਕ ਹੈ ਇਹਨਾਂ ਖ਼ਤਰਿਆਂ ਤੋਂ ਅੱਗ ਲੱਗਣ ਦੇ ਜ਼ੋਖਮ ਨੂੰ ਘੱਟ ਕਰਨ ਲਈ ਕਦਮ ਚੁੱਕਣ ਦੀ
- ਅੱਗ ਲੱਗਣ ਦੇ ਜ਼ੋਖਮ ਦਾ ਮੁਲਾਂਕਣ ਅਤੇ ਦਸਤਾਵੇਜ਼ੀਕਰਨ ਕਰਨ ਦੀ
- ਜਿੱਥੋਂ ਤੱਕ ਵਾਜਬ ਤੌਰ 'ਤੇ ਵਿਵਹਾਰਕ ਹੈ ਜਲਨਸ਼ੀਲ ਰੀਸਾਈਕਲ ਕਰਨ ਯੋਗ ਸਮੱਗਰੀ ਅਤੇ ਕੂੜਾ ਕਰਕਟ (CRWM) ਨੂੰ ਇਸ ਤਰੀਕੇ ਨਾਲ ਸਟੋਰ ਕਰਨ ਅਤੇ ਪ੍ਰਬੰਧ ਕਰਨ ਦੀ ਜੋ ਮਨੁੱਖੀ ਸਿਹਤ ਅਤੇ ਵਾਤਾਵਰਣ ਨੂੰ ਹੋਣ ਵਾਲੇ ਨੁਕਸਾਨ ਦੇ ਜ਼ੋਖਮ ਨੂੰ ਘੱਟ ਤੋਂ ਘੱਟ ਕਰਦਾ ਹੈ।
- ਐਮਰਜੈਂਸੀ ਪ੍ਰਬੰਧਨ ਯੋਜਨਾ ਤਿਆਰ ਕਰਨ ਦੀ।

ਇਸ ਦਿਸ਼ਾ-ਨਿਰਦੇਸ਼ ਕਾਰਗੁਜ਼ਾਰੀ ਪ੍ਰਦਰਸ਼ਨ ਦੇ ਉਦੇਸ਼ਾਂ ਅਤੇ ਉਮੀਦ ਕੀਤੇ ਜਾਂਦੇ ਨਤੀਜਿਆਂ ਦੀ ਰੂਪਰੇਖਾ ਦੱਸਦਾ ਹੈ, ਜਿਨ੍ਹਾਂ ਨੂੰ ਤੁਹਾਡੇ ਵੱਲੋਂ ਵਿਕਟੋਰੀਆ ਦੇ ਵਾਤਾਵਰਣ ਸੁਰੱਖਿਆ ਕਾਨੂੰਨਾਂ ਦੀ ਪਾਲਣਾ ਕਰਨ ਲਈ ਪੂਰਾ ਕਰਨ ਦੀ ਲੋੜ ਹੁੰਦੀ ਹੈ।

## ਹੋਰ ਜਾਣਕਾਰੀ

EPA ਨਾਲ 1300 372 842 (1300 EPA VIC) ਜਾਂ epa.vic.gov.au 'ਤੇ ਸੰਪਰਕ ਕਰੋ

ਗਾਈਡਲਾਈਨ ਡਾਊਨਲੋਡ ਕਰੋ (https://www.epa.vic.gov.au/about-epa/publications/1667-3)

# ਅੱਗ ਲੱਗਣ ਤੋਂ ਰੋਕਥਾਮ:
# ਜਲਨਸ਼ੀਲ ਰੀਸਾਈਕਲ ਕਰਨ ਯੋਗ ਅਤੇ ਕੂੜਾ-ਕਰਕਟ ਸਮੱਗਰੀ

## ਜਿਹੜੀਆਂ ਗੱਲਾਂ ਤੁਹਾਨੂੰ ਵਿਚਾਰਨ ਦੀ ਲੋੜ ਹੈ

ਇਹ ਦਿਸ਼ਾ-ਨਿਰਦੇਸ਼ ਤੁਹਾਨੂੰ ਜ਼ੋਖਮ ਨਾਲ ਕਿਵੇਂ ਨਜਿੱਠਣਾ ਹੈ, ਇਸ ਬਾਰੇ ਇੱਕ ਨਿਰੰਤਰ ਚੱਲਣ ਵਾਲੀ ਚਾਰ-ਪੜਾਵੀ ਪ੍ਰਕਿਰਿਆ ਬਾਰੇ ਦੱਸੇਗਾ:




ਅਧਿਆਇ 3 ਦੱਸਦਾ ਹੈ ਕਿ **ਅੱਗ ਦੇ ਜ਼ੋਖਮ ਦਾ ਮੁਲਾਂਕਣ ਕਰਨ** ਵਿੱਚ ਤੁਹਾਡੇ ਤੋਂ ਕੀ ਉਮੀਦ ਕੀਤੀ ਜਾਂਦੀ ਹੈ। ਇਸ ਵਿੱਚ ਅੱਗ ਦੇ ਖ਼ਤਰਿਆਂ ਦੀ ਪਛਾਣ ਕਰਨਾ ਅਤੇ ਜ਼ੋਖਮ ਦਾ ਮੁਲਾਂਕਣ ਕਰਨਾ ਸ਼ਾਮਲ ਹੈ:




ਅਧਿਆਇ 4 ਦੱਸਦਾ ਹੈ ਕਿ **ਤੁਹਾਡੇ ਅੱਗ ਦੇ ਖ਼ਤਰਿਆਂ ਅਤੇ ਜ਼ੋਖਮਾਂ ਨੂੰ ਕਾਬੂ ਕਰਨ** ਵਿੱਚ ਤੁਹਾਡੇ ਤੋਂ ਕੀ ਉਮੀਦ ਕੀਤੀ ਜਾਂਦੀ ਹੈ। ਇਸ ਵਿੱਚ ਢੁੱਕਵੇਂ ਨਿਯੰਤਰਣਾਂ ਦੀ ਚੋਣ ਕਰਨਾ ਸ਼ਾਮਲ ਹੈ, ਜਿਸਨੂੰ ਅਸੀਂ 'ਨਿਯੰਤਰਣਾਂ ਦੀ ਲੜੀ' ਕਹਿੰਦੇ ਹਾਂ:




ਅਧਿਆਇ 5 ਵਿੱਚ **ਪ੍ਰਭਾਵੀ ਸਟੋਰੇਜ ਪ੍ਰਬੰਧਨ ਨਿਯੰਤਰਣਾਂ** ਦੀ ਚਰਚਾ ਕੀਤੀ ਗਈ ਹੈ।

**ਆਪਣੀ ਐਮਰਜੈਂਸੀ ਪ੍ਰਬੰਧਨ ਯੋਜਨਾ ਨੂੰ ਕਿਵੇਂ ਤਿਆਰ ਕਰਨਾ ਹੈ** ਇਸ ਬਾਰੇ ਜਾਣਕਾਰੀ ਲਈ, ਅਧਿਆਇ 6 ਵੇਖੋ।